BRAMPTON Flower City
brampton.ca

media release

16 ਜੁਲਾਈ, 2018

# ਸਟੋਂਪ ’N’ ਸਟੈਮਪੀਡ 22 ਜੁਲਾਈ ਨੂੰ ਗਾਰਡਨ ਸਕਵੇਅਰ ਵਿਖੇ ਵਾਪਸ ਆ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ – 22 ਜੁਲਾਈ ਨੂੰ ਸ਼ਾਮ 4 - 8 ਵਜੇ ਬ੍ਰੈਂਪਟਨ ਦੇ ਗਾਰਡਨ ਸਕਵੇਅਰ (Garden Square) ਵਿੱਚ ਹਰ ਤਰ੍ਹਾਂ ਦੇ ਕੰਟ੍ਰੀ ਸੰਗੀਤ ਦਾ ਜਸ਼ਨ ਮਨਾਓ! ਬੱਚਿਆਂ ਦੀਆਂ ਗਤੀਵਿਧੀਆਂ, ਸੁਆਦੀ ਭੋਜਨ, ਸੰਗੀਤ ਅਤੇ ਡਾਂਸ ਲਈ ਡਾਊਨਟਾਊਨ ਬ੍ਰੈਂਪਟਨ ਵਿੱਚ ਆਪਣਾ ਚਰਵਾਹਾ (ਕਾਉਬਵਾਇ) ਹੈਟ ਅਤੇ ਬੂਟ ਲਿਆਓ। ਡੀ.ਜੇ. ਜੋਹਨੀ ਰਿਵੇਕਸ (DJ Johnny Rivex) ਕੰਟ੍ਰੀ ਸੰਗੀਤ ਦੀਆਂ ਧੁਨਾਂ ਦੀ ਚੋਣ ਕਰਕੇ ਉਹਨਾਂ ਨੂੰ ਪਲੇ ਕਰਨਗੇ, ਜਦਕਿ ਤੁਸੀਂ ਸਿੱਖੋਗੇ ਕਿ ਵੈਸਟ ਕੋਸਟ ਸ਼ਫਲ (west coast shuffle) ਡਾਂਸ ਕਿਵੇਂ ਕਰਨਾ ਹੈ, ਅਤੇ ਡਬਲ ਟ੍ਰਬਲ (Double Trouble) ਲਾਈਨ ਡਾਂਸਰਾਂ ਤੋਂ ਲਾਈਨ-ਡਾਂਸਿੰਗ ਦੀਆਂ ਕਲਾਸਾਂ ਲਵੋਗੇ।

ਇਸ ਸਾਲ ਦੇ ਸਟੋਂਪ ’N’ ਸਟੈਮਪੀਡ (Stomp N’ Stampede) ਦੇ ਮੁੱਖ ਪ੍ਰਦਰਸ਼ਕ ਦ ਨੈਕਸਟ ਕੰਟ੍ਰੀ ਮਿਊਜ਼ਿਕ ਸਟਾਰ (The Next Country Music Star) ਦੇ 2016 ਦੇ ਜੇਤੂ, ਸਾਸ਼ਾ ਵਿਸਾਜੀ (Sacha Visagie) ਹੋਣਗੇ। ਸਾਸ਼ਾ ਸ਼ਾਮ ਨੂੰ 6:15 ਅਤੇ 7:30 ਵਜੇ ਦੋ ਸੈੱਟ ਪਲੇ ਕਰਨਗੇ।

ਗਾਰਡਨ ਸਕਵੇਅਰ, ਡਾਊਨਟਾਊਨ ਬ੍ਰੈਂਪਟਨ (Downtown Brampton) ਇੱਕ ਜੋਸ਼ੀਲੀ, ਗਤੀਸ਼ੀਲ ਜਨਤਕ ਥਾਂ, ਇਸ ਗਰਮੀ ਤੁਹਾਡੀ ਕੰਟ੍ਰੀ ਸੰਗੀਤ ਪਾਰਟੀ ਦਾ ਟਿਕਾਣਾ ਹੈ। ਸਟੋਂਪ ’N’ ਸਟੈਮਪੀਡ ਬਾਰੇ ਹੋਰ ਜਾਣਨ ਲਈ, ਅਤੇ ਗਾਰਡਨ ਸਕਵੇਅਰ ਦੇ ਪ੍ਰੋਗਰਾਮਾਂ ਦੇ ਪੂਰੇ ਵੇਰਵਿਆਂ ਲਈ, www.brampton.ca/gardensquare ‘ਤੇ ਜਾਓ ਜਾਂ ਸੋਸ਼ਲ ਮੀਡੀਆ ‘ਤੇ ਫਾੱਲੋ ਕਰੋ:
instagram.com/garden.square · twitter.com/gardensqlive · facebook.com/brampton.gardensquare

**ਹਵਾਲਾ:**

“ਗਾਰਡਨ ਸਕਵੇਅਰ ਵਿੱਚ ਗਰਮੀ ਦੇ ਕਾਰਜਕਰਮਾਂ ਵਿੱਚ ਸਾਰੇ ਨਿਵਾਸੀਆਂ ਵਾਸਤੇ ਪੇਸ਼ ਕਰਨ ਲਈ ਬਹੁਤ ਕੁਝ ਹੁੰਦਾ ਹੈ। ਮਸ਼ਹੂਰ ਸਟੋਂਪ ’N’ ਸਟੈਮਪੀਡ ਹਰੇਕ ਲਈ ‘ਕੰਟ੍ਰੀ’ ਸੰਗੀਤ ਲੈ ਕੇ ਆਉਂਦਾ ਹੈ। ਸਕਵੇਅਰ ਵਿਖੇ ਆਓ ਅਤੇ ਉਡੀਕੇ ਜਾਂਦੇ ਇਸ ਕਾਰਜਕਰਮ ਵਿੱਚ ਹਿੱਸਾ ਲਓ।”

- *ਮੇਅਰ ਲਿੰਡਾ ਜੈਫਰੀ (Linda Jeffrey)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।